**ਦਫਤਰ ਡਾਇਰੈਕਟਰ, ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸਦ, ਪੰਜਾਬ,**
**ਬਲਾਕ ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਐਸ.ਏ.ਐਸ. ਨਗਰ।**
**ਫੋਨ ਨੰ: 0172-2212221**

ਵੱਲ

ਸਮੂਹ ਸਕੂਲ ਮੁੱਖੀ (ਸੈ.ਸਿ.)/(ਐ.ਸਿ.)
ਪੰਜਾਬ।

ਮੀਮੋ ਨੰ:KW/2019/TA-2
ਮਿਤੀ : ਐਸ. ਏ. ਐਸ. ਨਗਰ, 26-07-2019

**ਵਿਸ਼ਾ: ਖੇਡ ਨੀਤੀ 2018 ਨੂੰ ਲਾਗੂ ਕਰਨ ਲਈ ਜਿਲ੍ਹਾ ਪੱਧਰ ਤੇ ਇੱਕ ਰੋਜ਼ਾ ਟ੍ਰੇਨਿੰਗ ਦੇਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਖੇਡ ਨੀਤੀ 2018 ਨੂੰ ਸਕੂਲਾਂ ਵਿੱਚ ਲਾਗੂ ਕਰਨ ਸਬੰਧੀ ਹਰੇਕ ਸਕੂਲ (ਪ੍ਰਾਇਮਰੀ ਅਤੇ ਸੈਕੰਡਰੀ) ਦੇ ਘੱਟੋ-ਘੱਟ ਇੱਕ ਸਰੀਰਕ ਸਿੱਖਿਆ ਦੇ ਅਧਿਆਪਕ ਜਾਂ ਕੋਈ ਹੋਰ ਅਧਿਆਪਕ ਨੂੰ ਟ੍ਰੇਨਿੰਗ ਦਿੱਤੀ ਜਾਣੀ ਹੈ। ਇਸ ਸਬੰਧੀ ਜਿਲ੍ਹੇ ਦੇ ਮਾਸਟਰ ਟ੍ਰੇਨਰਾਂ ਨੂੰ ਪਹਿਲੇ ਪੜਾਅ ਵਿੱਚ ਸਟੇਟ ਪੱਧਰ ਤੇ ਮਿਤੀ 23/04/2019 ਤੋਂ 26/04/2019 ਤੱਕ ਆਰ. ਆਈ. ਸੀ. ਐਮ., ਸੈਕਟਰ 32-ਸੀ, ਚੰਡੀਗੜ੍ਹ ਵਿਖੇ ਦਿੱਤੀ ਜਾ ਚੁੱਕੀ ਹੈ।

ਇਸੇ ਟ੍ਰੇਨਿੰਗ ਨੂੰ ਜਿਲ੍ਹਾ/ਬਲਾਕ ਪੱਧਰ ਤੇ ਕਰਵਾਏ ਜਾਣ ਲਈ ਹਰੇਕ ਸਕੂਲ ਵਿੱਚੋਂ ਇੱਕ ਅਧਿਆਪਕ ਦੀ ਚੋਣ **EPunjab** ਪੋਰਟਲ ਤੇ ਸਕੂਲ ਮੁੱਖੀ ਵੱਲੋਂ ਕੀਤੀ ਜਾਣੀ ਹੈ ਜਿਸ ਲਈ **E-Punjab School login** ਤੇ ਨਵਾਂ **link 'nomination for sports activity'** ਉਪਲੱਬਧ ਹੈ । ਸਕੂਲ ਮੁੱਖੀ ਆਪਣੇ ਸਕੂਲ ਦੇ ਸਰੀਰਕ ਸਿੱਖਿਆ ਅਧਿਆਪਕ ਜਾਂ ਕੋਈ ਹੋਰ ਅਧਿਆਪਕ (ਜਿਥੇ ਸਰੀਰਕ ਸਿਖਿਆ ਅਧਿਆਪਕ ਮੋਜੂਦ ਨਹੀਂ ਹਨ ,ਖੇਡਾਂ ਵਿੱਚ ਰੁੱਚੀ ਰੱਖਣ ਵਾਲੇ ਅਧਿਆਪਕ ਨੂੰ ਪਹਿਲ ਦਿੱਤੀ ਜਾਵੇ) ਦੀ ਚੋਣ ਮਿਤੀ 27-07-19 ਤੱਕ ਕਰਨਾ ਯਕੀਨੀ ਬਣਾਉਣਗੇ।

ਇਹ ਟ੍ਰੇਨਿੰਗ ਪ੍ਰਾਇਮਰੀ ਸਕੂਲਾਂ ਲਈ ਵੀ ਕਰਵਾਈ ਜਾਣੀ ਹੈ ਇਸ ਲਈ ਸਮੂਹ ਪ੍ਰਾਇਮਰੀ ਸਕੂਲਾਂ ਵਿਚੋਂ ਹਰੇਕ ਸਕੂਲ ਵਿੱਚੋਂ ਕਿਸੇ ਇੱਕ ਅਧਿਆਪਕ ਦੀ ਚੋਣ ਵੀ E- Punjab portal ਤੇ ਹੀ ਕੀਤੀ ਜਾਣੀ ਹੈ ਇਸ ਲਈ ਜੋ ਅਧਿਆਪਕ ਖੇਡਾਂ ਵਿੱਚ ਰੁਚੀ ਰੱਖਦਾ ਹੈ, ਦੀ ਪਹਿਲ ਦੇ ਆਧਾਰ ਤੇ ਚੋਣ ਕੀਤੀ ਜਾਵੇ।

ਟ੍ਰੇਨਿੰਗ ਦੀ ਮਿਤੀ ਅਤੇ ਸਥਾਨ ਵੱਖਰੇ ਤੌਰ ਤੇ ਸੂਚਿਤ ਕੀਤਾ ਜਾਵੇਗਾ।

**ਡਾਇਰੈਕਟਰ**
**ਐਸ.ਸੀ.ਈ. ਆਰ. ਟੀ. ਪੰਜਾਬ**

ਉਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਪੀ ਏ ਟੂ ਸਕੱਤਰ ਸਕੂਲ ਸਿੱਖਿਆ
2. ਪੀ ਏ ਟੂ ਡੀ ਪੀ ਆਈ (ਸੈ ਸਿ )
3. ਪੀ ਏ ਟੂ ਡੀ ਪੀ ਆਈ (ਐ ਸਿ )
4. **MIS** ,ਪੰਜਾਬ
5. ਸਮੂਹ ਜ਼ਿਲ੍ਹਾ ਸਿਖਿਆ ਅਫਸਰ(ਸੈ:ਸਿ/ਐ:ਸਿ)
6. ਸਮੂਹ ਡਾਇਟ ਪ੍ਰਿੰਸੀਪਲ

**ਡਾਇਰੈਕਟਰ**
**ਐਸ. ਸੀ. ਈ. ਆਰ. ਟੀ. ਪੰਜਾਬ**